# ਹਿੰਦੁਸਤਾਨ ਦੇ ਸੰਵਿਧਾਨ ਦੀ 58ਵੀ ਸਾਲ ਗਿਰਹ

ਹਰ ਸਾਲ 26 ਜਨਵਰੀ ਨੂੰ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਬੜੇ ਧੂਮ ਧੜੱਕੇ ਨਾਲ ਆਈਨ ਦੀ ਵਰ੍ਹੇ-ਗੰਢ ਮਨਾਉਂਦੀਆਂ ਹਨ। ਲਾਲ ਕਿਲ੍ਹੇ ਤੋਂ ਰਾਸ਼ਟਰਪਤੀ ਅਤੇ ਵਜ਼ੀਰੇ ਆਜ਼ਮ ਬੜੇ ਜ਼ੋਰ ਸ਼ੋਰ ਨਾਲ ਤਕਰੀਰਾਂ ਕਰਦੇ ਹਨ ਅਤੇ ਫੌਜੀ ਪਰੇਡਾਂ ਨਾਲ ਦਿੱਲੀ ਦੀਆਂ ਸੜਕਾਂ ਭਰੀਆਂ ਹੁੰਦੀਆਂ ਹਨ। ਤਾਮ ਹਿੰਦੁਸਤਾਨ ਦੇ ਸੂਬਿਆਂ ਤੋਂ ਝਾਕੀਆਂ ਕੱਢਣ ਵਾਲੇ ਤੇ ਹੋਰ ਕਰਤਬਬਾਜ਼ ਦਿੱਲੀ ਪਹੁੰਚਦੇ ਹਨ। ਸੰਗੀਤ ਸੰਮੇਲਨ ਅਤੇ ਮੁਸ਼ਾਇਰੇ ਕੀਤੇ ਜਾਂਦੇ ਹਨ। ਇਹ ਸਭ ਇਸ ਖ਼ੁਸ਼ੀ ਵਿਚ ਕੀਤਾ ਜਾਂਦਾ ਹੈ ਕਿਉਂਕਿ ਇਸ ਤਾਰੀਖ਼ ਨੂੰ 1950 ਵਿਚ ਹਿੰਦੁਸਤਾਨ ਦਾ ਆਪਣਾ ਸੰਵਿਧਾਨ ਜਾਂ ਆਈਨ ਲਾਗੂ ਕੀਤਾ ਗਿਆ ਸੀ ਅਤੇ ਹਿੰਦੁਸਤਾਨ ਨੂੰ ਇਕ ਰਿਪਬਲਿਕ ਜਾਂ ਗਣਤੰਤਰ ਬਣਾ ਦਿੱਤਾ ਗਿਆ ਸੀ।

ਪਰ ਜਸ਼ਨਾਂ ਦੇ ਇਸ ਸ਼ੋਰ ਸ਼ਰਾਬੇ ਵਿਚ ਇਸ ਸੰਵਿਧਾਨ ਦੀ ਇਹ ਅਸਲੀਅਤ ਲੁਕੋ ਦਿੱਤੀ ਜਾਂਦੀ ਹੈ ਕਿ ਇਹ ਸੰਵਿਧਾਨ ਮੁਕੰਮਲ ਤੌਰ ਤੇ ਬਸਤੀਵਾਦੀ ਸੰਵਿਧਾਨ ਹੈ। ਅੰਗ੍ਰੇਜ਼ ਬਸਤੀਵਾਦੀਆਂ ਨੇ ਜਿਹੜੇ ਵੀ ਕਾਨੂੰਨ ਹਿੰਦੁਸਤਾਨ ਦੇ ਲੋਕਾਂ ਅਤੇ ਕੁਦਰਤੀ ਸੋਮਿਆਂ ਦੀ ਲੁੱਟ ਕਰਨ ਲਈ ਬਣਾਏ ਸੀ ਉਹ ਸਾਰੇ ਕਾਨੂੰਨ ਬਿਲਕੁਲ ਉਸੇ ਹੀ ਤਰਾਂ ਬਰਕਰਾਰ ਰੱਖੇ ਗਏ ਹਨ। ਮਿਸਾਲ ਦੇ ਤੌਰ ਤੇ ਅੰਗਰੇਜ਼ ਬਸਤੀਵਾਦੀਆਂ ਦਾ 1894 ਦਾ ਇਕ ਕਾਨੂੰਨ ਹੈ ਜੋ ਇਨ੍ਹਾਂ ਨੇ ਸਾਡੇ ਲੋਕਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਕਰਨ ਲਈ ਬਣਾਇਆ ਸੀ। ਇਸ ਸੰਵਿਧਾਨ ਵਿਚ ਉਹ ਕਾਨੂੰਨ ਅੱਜ ਵੀ ਬਰਕਰਾਰ ਹੈ ਅਤੇ ਇਸੇ ਕਾਨੂੰਨ ਦੇ ਤਹਿਤ ਬੰਗਾਲ ਦੀ ਸਰਕਾਰ ਨੇ ਸਿੰਗੁਰ ਅਤੇ ਨੰਦੀਗਰਾਮ ਦੀ ਜ਼ਮੀਨ ਟਾਟੇ ਅਤੇ ਹੋਰ ਸਰਮਾਏਦਾਰਾਂ ਦੇ ਹਵਾਲੇ ਕਰ ਦਿੱਤੀ ਹੈ। ਇਸ ਆਈਨ ਵਿਚ ਸਾਰੇ ਬਸਤੀਵਾਦੀ ਕਾਨੂੰਨ ਇਸ ਲਈ ਬਰਕਰਾਰ ਰੱਖੇ ਗਏ ਸਨ ਕਿਉਂਕਿ ਇਹ ਸੰਵਿਧਾਨ ਨੂੰ ਬਣਾਉਣ ਵਾਲੇ ਹਾਕਮ ਜਮਾਤਾਂ ਦੇ ਨੁਮਾਇੰਦੇ ਸੀ ਅਤੇ ਉਹ ਵੀ ਅੰਗ੍ਰੇਜ਼ਾਂ ਵਾਂਗ ਹੀ ਹਿੰਦੁਸਤਾਨ ਦੇ ਕੁਦਰਤੀ ਸੋਮਿਆਂ ਅਤੇ ਲੋਕਾਂ ਦੀ ਲੁੱਟ ਆਪਣੇ ਮੁਨਾਫ਼ਿਆਂ ਲਈ ਜਾਰੀ ਰੱਖਣੀ ਚਾਹੁੰਦੇ ਸੀ। ਇਸ ਲਈ ਉਨ੍ਹਾਂ ਨੂੰ ਵੀ ਇਨ੍ਹਾਂ ਕਾਨੂੰਨਾਂ ਦੀ ਬਸਤੀਵਾਦਿਆਂ ਜਿੰਨੀ ਹੀ ਲੋੜ ਸੀ। 1947 ਦੀ ਆਜ਼ਾਦੀ ਤੋਂ ਪਹਿਲਾਂ ਵੀ ਉਹ ਬਸਤੀਵਾਦੀਆਂ ਦੇ ਸਾਰਿਆਂ ਹੀ ਕਾਨੂੰਨਾਂ ਦੇ ਹਿਮਾਇਤੀ ਸਨ।

ਸੰਵਿਧਾਨ ਬਣਾਉਣ ਵਾਲਿਆਂ ਨੂੰ ਸੰਵਿਧਾਨ ਬਣਾਉਣ ਲਈ ਲੋਕਾਂ ਨੇ ਨਹੀਂ ਚੁਣਿਆ ਸੀ। ਸੰਵਿਧਾਨ ਬਣਾਉਣ ਵਾਲੀ ਅਸੈਂਬਲੀ ਦੇ ਲੋਕ ਸੰਵਿਧਾਨ ਬਣਾਉਣ ਲਈ ਲੋਕਾਂ ਦੀ ਮਰਜ਼ੀ ਨਾਲ ਨਹੀਂ ਸੀ ਚੁਣੇ ਗਏ। ਬਲਕਿ ਕੇਂਦਰੀ ਅਸੈਂਬਲੀ ਨੂੰ ਹੀ ਸੰਵਿਧਾਨ ਬਣਾਉਣ ਵਾਲੀ ਅਸੈਂਬਲੀ ਕਰਾਰ ਦੇ ਦਿੱਤਾ ਸੀ। ਇਨ੍ਹਾਂ ਮੈਂਬਰਾਂ ਚੋਂ ਕਾਫ਼ੀ ਬਸਤੀਵਾਦੀ ਸਰਕਾਰ ਵਲੋਂ ਨਾਮਜ਼ਦ ਕੀਤੇ ਗਏ ਸੀ ਅਤੇ ਬਾਕੀ ਜਾਇਦਾਦ ਦੇ ਆਧਾਰ ਤੇ ਚੁਣੇ ਗਏ ਸੀ।

ਇਸ ਕਰਕੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਸ ਸੰਵਿਧਾਨ ਨੂੰ ਲੋਕਾਂ ਸਾਮ੍ਹਣੇ ਉਨ੍ਹਾਂ ਦੀ ਮਨਜ਼ੂਰੀ ਜਾਂ ਸਲਾਹ ਲਈ ਕਦੇ ਵੀ ਪੇਸ਼ ਨਹੀਂ ਸੀ ਕੀਤਾ ਗਿਆ। ਇਹ ਨਹੀਂ ਹੋਇਆ ਕਿ ਇਹ ਆਈਨ ਲੋਕਾਂ ਸਾਮ੍ਹਣੇ ਪੇਸ਼ ਕੀਤਾ ਗਿਆ ਹੋਵੇ ਕਿ ਬਈ ਇਹ ਮੁਲਕ ਦਾ ਇਕ ਬੁਨਿਆਦੀ ਕਾਨੂੰਨ ਹੋਵੇਗਾ ਸਾਰੇ ਹੀ ਲੋਕਾਂ ਨੂੰ ਇਸ ਬਾਰੇ ਆਪਣੀ ਰਾਏ ਦੇਣ ਦਾ ਹੱਕ ਹੈ ਅਤੇ ਉਨ੍ਹਾਂ ਦੀ ਰਜ਼ਾਮੰਦੀ ਨਾਲ ਹੀ ਇਹ ਆਈਨ ਲਾਗੂ ਹੋ ਸਕਦਾ ਹੈ। ਮੁੱਠੀ ਭਰ ਹਾਕਮ ਜਮਾਤਾਂ ਦੇ ਨੁਮਾਇੰਦਆਂ ਨੇ ਲੋਕਾਂ ਦੇ ਨਾਮ ਹੇਠ ਕਰੋੜਾਂ ਹੀ ਲੋਕਾਂ ਨਾਲ ਇਹ ਧਰੋਹ ਕੀਤਾ ਹੈ ਅਤੇ ਲੋਕਾਂ ਦੇ ਬੁਨਿਆਦੀ ਹੱਕਾਂ ਤੇ ਸੱਟ ਮਾਰਨ ਦੀ ਆਪਣੇ ਆਪ ਨੂੰ ਤਾਕਤ ਦੇ ਦਿੱਤੀ ਹੈ। ਹਾਕਮ ਜਮਾਤਾਂ ਦੇ ਨੁਮਾਇੰਦਿਆਂ ਨੇ ਇਹ ਸੰਵਿਧਾਨ ਘੜਿਆ ਤੇ ਲੋਕਾਂ ਉਤੇ ਥੱਪ ਦਿੱਤਾ। ਅੱਜ ਤਾਈਂ ਕਦੇ ਵੀ ਇਸ ਸੰਵਿਧਾਨ ਬਾਰੇ ਲੋਕਾਂ ਵਿਚ ਕੋਈ ਵੀ ਚਰਚਾ ਜਾਂ ਬਹਿਸ ਨਹੀਂ ਕੀਤੀ ਗਈ।

ਚੂੰਕਿ ਇਹ ਸੰਵਿਧਾਨ ਇਕ ਬਸਤੀਵਾਦੀ ਸੰਵਿਧਾਨ ਹੈ ਅਤੇ ਇਸ ਨੂੰ ਘੜਨ ਵਿਚ ਲੋਕਾਂ ਦਾ ਕੁਝ ਵੀ ਹਿੱਸਾ ਨਹੀਂ ਸੀ ਇਸ ਕਰਕੇ ਇਹਦੇ ਵਿਚ ਲੋਕਾਂ ਦੀਆਂ ਤਾਂਘਾਂ ਅਤੇ ਸੱਧਰਾਂ ਦਾ ਵੀ ਕੋਈ ਇਜ਼ਹਾਰ ਨਹੀਂ। ਅਤੇ ਇਸ ਤਰੀਕੇ ਨਾਲ ਬਣਾਇਆ ਗਿਆ ਸੰਵਿਧਾਨ ਲੋਕਾਂ ਦੀਆਂ ਲੋੜਾਂ ਨੂੰ ਵੀ ਕਾਨੂੰਨੀ ਸ਼ਕਲ ਨਹੀਂ ਸੀ ਦੇ ਸਕਦਾ ਸੀ। ਇਸ ਲਈ ਇਹ ਇਹ ਸੰਵਿਧਾਨ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਦਾ ਵਸੀਲਾ ਨਹੀਂ ਬਣ ਸਕਿਆ ਬਲਕਿ ਮਸਲੇ ਖੜੇ ਕਰਨ ਦਾ ਜ਼ਰੀਆ ਬਣ ਕੇ ਰਹਿ ਗਿਆ। ਇਹ ਸਿਰਫ਼ ਇਹ ਕਰਦਾ ਹੈ ਕਿ ਲੋਕਾਂ ਦੇ ਨਾਂ ਹੇਠ ਬਸਤੀਵਾਦੀਆਂ ਅਤੇ ਉਨ੍ਹਾਂ ਦੇ ਜੋਟੀਦਾਰ ਵੱਡੇ ਸਰਮਾਏਦਾਰ ਅਤੇ ਜਗੀਰਦਾਰਾਂ ਦੀ ਲੁੱਟ ਖਸੁੱਟ ਲਈ ਰਾਜ ਕਾਇਮ ਰਖਦਾ ਹੈ। ਇਸ ਲਈ ਕੋਈ ਹੈਰਾਨੀ ਨਹੀਂ ਕਿ ਅੰਗ੍ਰੇਜ਼ ਬਸਤੀਵਾਦੀਆਂ ਨੇ 1947 ਤੇ ਬਾਦ ਹਿੰਦੁਸਤਾਨ ਵਿਚ ਆਪਣਾ ਸਰਮਾਇਆ ਪਹਿਲਾਂ ਨਾਲੋਂ ਜ਼ਿਆਦਾ ਵੱਧ ਕੇ ਲਾਇਆ। ਉਨ੍ਹਾਂ ਦੇ ਸਰਮਾਏ ਨੂੰ ਆਜ਼ਾਦ ਹਿੰਦੁਸਤਾਨ ਦੇ ਹਾਕਮਾਂ ਤੋਂ ਕੋਈ ਖ਼ਤਰਾ ਨਹੀਂ ਸੀ। ਬਸਤੀਵਾਦੀਆਂ ਨੇ ਇਨ੍ਹਾਂ ਨੂੰ ਬਹੁਤ ਚੰਗੀ ਤਰਾਂ ਸਿਖਲਾਈ ਦਿੱਤੀ ਸੀ।

ਇਸ ਕਰਕੇ ਹਾਕਮ ਤਬਕਾ ਬੜੇ ਜ਼ੋਰ ਸ਼ੋਰ ਨਾਲ ਹਰ ਸਾਲ 26 ਜਨਵਰੀ ਮਨਾਉਂਦਾ ਅਤੇ ਖ਼ੁਸ਼ ਹੁੰਦਾ ਹੈ ਕਿ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦਾ, ਉਨ੍ਹਾਂ ਦੀ ਲੁੱਟ ਕਰਨ ਦਾ ਅਤੇ ਉਨ੍ਹਾਂ ਦੇ ਹੱਕਾਂ ਤੇ ਸੱਟ ਮਾਰਨ ਦਾ ਇਕ ਹੋਰ ਸਾਲ ਸੁਖੀਂ ਸਾਂਦੀ ਲੰਘ ਗਿਆ ਹੈ ਅਤੇ ਇਕ ਦੂਜੇ ਨੂੰ ਮੁਬਾਰਕਾਂ ਦਿੰਦੇ ਹਨ।